<u>ਨਿਰਭਰਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਕਾਰਵਾਈ(ਪ੍ਰੋਸੀਜਰ)</u>

ਇਸ ਸਬੰਧੀ ਬੇਨਤੀ ਹੈ ਕਿ ਇਸ ਸ਼ਾਖਾ ਵਲੋਂ ਮ੍ਰਿਤਕ ਕਰਮਚਾਰੀਆਂ ਦੇ ਪਰਿਵਾਰ ਦੇ ਨਿਰਭਰ ਮੈਬਰਾਨ ਨੂੰ ਸਰਕਾਰੀ ਬਕਾਇਆ ਲੈਣ ਅਤੇ ਤਰਸ ਦੇ ਅਧਾਰ ਤੇ ਨੌਕਰੀ ਦੇਣ ਲਈ ਨਿਰਭਰਤਾ ਸਰਟੀਫਿਕੇਟ ਜਾਰੀ ਕੀਤੇ ਜਾਦੇ ਹਨ।ਮ੍ਰਿਤਕ ਕਰਮਚਾਰੀ ਦੇ ਨਿਰਭਰ ਪਰਿਵਾਰ ਦੇ ਮੈਬਰ ਵਲੋਂ ਦਰਖਾਸਤ,ਹਲਫੀਆ ਬਿਆਨ ਅਤੇ ਮੌਤ ਦਾ ਸਰਟੀਫਿਕੇਟ ਸ਼ਾਮਲ ਕਰਕੇ ਸਬੰਧਤ ਵਿਭਾਗ ਨੂੰ ਦਿੱਤਾ ਜਾਦਾ ਹੈ।ਸਬੰਧਤ ਵਿਭਾਗ ਵਲੋਂ ਇਹ ਕੇਸ ਇਸ ਦਫਤਰ ਨੂੰ ਭੇਜਿਆ ਜਾਦਾ ਹੈ ਕੇਸ ਪ੍ਰਾਪਤ ਹੋਣ ਤੇ ਇਸ ਦੀ ਪੜਤਾਲ ਸਬੰਧਤ ਐਸ.ਡੀ.ਐਮ.ਪਾਸੋ ਕਰਵਾਈ ਜਾਦੀ ਹੈ।ਸਬੰਧਤ ਐਸ.ਡੀ.ਐਮ.ਦੀ ਤਸਦੀਕ ਦੇ ਅਧਾਰ ਤੇ ਨਿਰਭਰਤਾ ਸਰਟੀਫਿਕੇਟ ਸਬੰਧਤ ਵਿਭਾਗ ਨੂੰ ਜਾਰੀ ਕੀਤਾ ਜਾਦਾ ਹੈ ਜਿਸ ਦਾ ਨਮੂਨਾ ਹੇਠ ਲਿਖੇ ਹੈ:-

| ਹੁਕਮ ਮਿਤੀ -2009<br>ਵਲੋ ਡਿਪਟੀ ਕਮਿਸ਼ਨਰ,ਫਰੀਦਕੋਟ |
|---|

**<u>ਦਫਤਰ ਡਿਪਟੀ ਕਮਿਸ਼ਨਰ, ਫਰੀਦਕੋਟ।</u>**
**(ਫੁਟਕਲ ਸ਼ਾਖਾ)**

**ਵਿਸ਼ਾ :- ਨਿਰਭਰਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

ਅਧਿਕਾਰੀ/ਵਿਭਾਗ__________ਨੇ ਆਪਣੇ ਦਫਤਰ ਦੇ ਪੱਤਰ ਨੰ:_______ਮਿਤੀ _________ਰਾਹੀ ਲਿਖਿਆ ਹੈ ਕਿ ਮ੍ਰਿਤਕ ਸ੍ਰੀ__________ਉਹਨਾਂ ਦੇ ਦਫਤਰ/ਵਿਭਾਗ ਵਿਚ ਬਤੌਰ___________ਕੰਮ ਕਰ ਰਿਹਾ ਸੀ।ਜਿਸ ਦੀ ਮੌਤ ਮਿਤੀ __________ਨੂੰ ਹੋ ਚੁੱਕੀ ਹੈ। ਨਿਰਭਰਤਾ ਸਰਟੀਫਿਕੇਟ ਜਾਰੀ ਕੀਤਾ ਜਾਵੇ।

ਉਪ-ਮੰਡਲ ਮੈਜਿਸਟਰੇਟ,__________ਪਾਸੋਂ ਇਸ ਦੀ ਪੜਤਾਲ ਕਰਵਾਈ ਗਈ।ਉਹਨਾਂ ਦੀ ਰਿਪੋਟ ਜੋ ਪਿੱ:ਅੰ:ਨੰ:__________ਮਿਤੀ ___________ਰਾਹੀ ਪ੍ਰਾਪਤ ਹੋਈ ਅਤੇ ਫੀਲਡ ਸਟਾਫ ਦੀ ਰਿਪੋਰਟ ਦੇ ਅਧਾਰ ਤੇ ਤਸਦੀਕ ਕੀਤਾ ਜਾਦਾਂ ਹੈ ਕਿ ਮ੍ਰਿਤਕ ___________ਦੇ ਪਰਿਵਾਰ ਦੇ ਹੇਠ ਲਿਖੇ ਅਨੁਸਾਰ ਮੈਬਰ ਹਨ :-

| **ਲੜੀ ਨੰ:** | **ਨਾਮ/ਸਰਵ ਸ੍ਰੀ/ ਸ੍ਰੀਮਤੀ** | **ਉਮਰ** | **ਰਿਸ਼ਤਾ** | **ਕਿੱਤਾ** | **ਵਿਆਹੇ/ਕੁਆਰੇ** |
|---|---|---|---|---|---|

ਉਕਤ ਵਾਰਸਾਂ ਵਿਚੋ **ਲੜੀ ਨੰ:_________ਤੋਂ ______ਮ੍ਰਿਤਕ ਸ੍ਰੀ ______ਦੀ ਮੌਤ ਸਮੇਂ ਉਸ ਤੇ ਨਿਰਭਰ ਕਰਦੇ ਸਨ।**

1) ਸਮੱਰਥ ਅਦਾਲਤ ਦਾ ਇਸ ਤੋਂ ਪਹਿਲਾ ਜਾਂ ਬਾਅਦ ਦਾ ਕੋਈ ਹੁਕਮ ਹੋਵੇ ਮਾਨਤਾ ਯੋਗ ਹੋਵੇਗਾ।

2) ਇਹ ਸਰਟੀਫਿਕੇਟ ਕੇਵਲ ਸਰਕਾਰੀ ਅਤੇ ਅਰਧ ਸਰਕਾਰੀ ਸੰਸਥਾਵਾਂ ਦੇ ਕਰਮਚਾਰੀਆਂ ਨੂੰ ਸਰਕਾਰੀ ਮੰਤਵਾਂ ਹਿੱਤ ਭਾਵ ਮ੍ਰਿਤਕ ਦੇ ਪਰਿਵਾਰ ਨੂੰ ਕੇਵਲ ਬਕਾਇਆ ਆਦਿ ਅਤੇ ਨੌਕਰੀ ਲੈਣ ਲਈ ਜਾਰੀ ਕੀਤਾ ਜਾਦਾ ਹੈ।

ਸਹੀ/-
ਵਾ:ਡਿਪਟੀ ਕਮਿਸ਼ਨਰ,
ਫਰੀਦਕੋਟ।

ਪਿੱਠ ਅੰ:ਨੰ: /ਫਸ ਫਕ-3 ਮਿਤੀ : -0 -2009

ਇਸ ਦਾ ਇਕ ਉਤਾਰਾ ਸਬੰਧਤ ਵਿਭਾਗ __________ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

ਸਹੀ/-
ਵਾ:ਡਿਪਟੀ ਕਮਿਸ਼ਨਰ,
**ਫਰੀਦਕੋਟ।**